ਮਿੱਠੇ ਬੱਚੇ:- "ਮਿੱਠੇ ਬੱਚੇ :-:- ਆਪਣਾ ਸੋਭਾਗਿਆ ਬਨਾਉਣਾ ਹੈ ਤਾਂ ਇਸ਼ਵਰੀਏ ਸੇਵਾ ਵਿਚ ਲੱਗ ਜਾਓ, ਮਾਤਾਵਾਂ - ਕੰਨਿਆਵਾਂ ਨੂੰ ਬਾਪ ਤੇ ਕੁਰਬਾਨ ਜਾਨ ਦੀ ਉੱਛਲ ਆਉਣੀ ਚਾਹੀਦੀ ਹੈ, ਸ਼ਿਵ ਸ਼ਕਤੀਆਂ ਬਾਪ ਦਾ ਨਾਮ ਬਾਲਾ ਕਰ ਸਕਦੀਆਂ ਹਨ।"

ਪ੍ਰਸ਼ਨ:- ਪ੍ਰਸ਼ਨ:- ਸਾਰੀਆਂ ਕੰਨਿਆਵਾਂ ਨੂੰ ਬਾਪ ਕਿਹੜੀ ਸ਼ੁਭ ਸਲਾਹ ਦਿੰਦੇ ਹਨ?

ਉੱਤਰ:- ਹੇ ਕੰਨਿਆਵੋਂ ਤੁਸੀਂ ਹੁਣ ਕਮਾਲ ਕਰਕੇ ਵਿਖਾਓ। ਤੁਸੀਂ ਮੰਮਾ ਵਾਂਗੂ ਬਣਨਾ ਹੈ। ਹੁਣ ਤੁਸੀਂ ਲੋਕ ਲਾਜ ਛੱਡੋ। ਨਸ਼ਟੋਮੋਹਾ ਬਣੋ। ਜੇਕਰ ਅਧਰ ਕੰਨਿਆ ਬਣੀ ਤਾਂ ਦਾਗ ਲਗ ਜਾਵੇਗਾ। ਤੁਸੀਂ ਰੰਗ ਬਿਰੰਗੀ ਮਾਇਆ ਤੋਂ ਬਚ ਕੇ ਰਹਿਣਾ ਹੈ। ਤੁਸੀਂ ਇਸ਼ਵਰੀਏ ਸੇਵਾ ਕਰੋ ਤਾਂ ਹਜਾਰੋਂ ਆਕੇ ਤੁਹਾਡੇ ਚਰਨਾਂ ਵਿਚ ਪੈਣਗੇ।

ਓਮ ਸ਼ਾਂਤੀ। ਤੁਸੀਂ ਸ਼ਿਵ ਸ਼ਕਤੀਆਂ ਹੋ ਉੱਛਲ ਮਾਰਨ ਵਾਲੀਆਂ। ਬਾਪ ਤੇ ਕੁਰਬਾਨ ਜਾਨ ਦੀ ਉੱਛਲ ਆਉਣੀ ਚਾਹੀਦੀ ਹੈ। ਇਸਨੂੰ ਕਿਹਾ ਜਾਂਦਾ ਹੈ ਮੋਲਾਈ ਮਸਤੀ। ਬਾਪ ਨੂੰ ਸਾਮਣੇ ਦੇਖਣਾ ਹੁੰਦਾ ਹੈ ਕਿ ਕੌਣ-ਕੌਣ ਬੈਠੇ ਹਨ। ਅਸਲ ਵਿਚ ਕਲਾਸ ਵਿਚ ਇਸ ਤਰ੍ਹਾਂ ਬੈਠਣਾ ਚਾਹੀਦਾ ਹੈ ਜੋ ਟੀਚਰ ਦੀ ਹਰੇਕ ਤੇ ਨਜਰ ਪਵੇ। ਇਹ ਜਿਵੇਂ ਸਤਿਸੰਗ ਹੋ ਜਾਂਦਾ ਹੈ। ਪਰ ਕੀ ਕਹੀਏ ਡਰਾਮੇ ਦੀ ਭਾਵੀ ਇਵੇਂ ਦੀ ਹੈ। ਕਲਾਸ ਵਿਚ ਨੰਬਰਵਾਰ ਨਹੀਂ ਬਿਠਾ ਸਕਦੇ। ਬੱਚੇ ਮੁਖੜਾ ਦੇਖਣ ਦੇ ਪਿਆਸੇ ਹੁੰਦੇ ਹਨ ਨਾ, ਉਵੇਂ ਬਾਪ ਵੀ ਪਿਆਸੇ ਰਹਿੰਦੇ ਹਨ। ਬੱਚਿਆਂ ਤੋਂ ਬਿਨਾ ਘਰ ਵਿਚ ਹਨੇਰਾ ਸਮਝਦੇ ਹਨ। ਤੁਸੀਂ ਬੱਚੇ ਸੋਜਰਾ ਕਰਨ ਵਾਲੇ ਹੋ। ਭਾਰਤ ਵਿਚ ਤਾਂ ਕੀ ਸਾਰੀ ਦੁਨੀਆ ਵਿਚ ਸੋਜਰਾ ਕਰਨ ਵਾਲੇ ਹੋ।

ਗੀਤ:- ਮਾਤਾ ਓ ਮਾਤਾ ਤੂੰ ਹੈ ਸਭ ਦੀ ਭਾਗਿਆ ਵਿਧਾਤਾ...

ਓਮ ਸ਼ਾਂਤੀ ਇਹ ਗੀਤ ਵੀ ਤੁਹਾਡੇ ਸ਼ਾਸਤਰ ਹਨ। ਸਰਵ ਸ਼ਾਸਤਰ ਮਈ ਸ਼ਿਰੋਮਨੀ ਗੀਤਾ ਹੈ ਹੋਰ ਸਾਰੇ ਸ਼ਾਸਤਰ ਮਹਾ ਭਾਰਤ, ਰਮਾਇਣ, ਸ਼ਿਵ ਪੁਰਾਨ, ਵੇਦ, ਉਪਨਿਸ਼ਦ, ਆਦਿ ਇਸ ਵਿੱਚੋਂ ਨਿਕਲੇ ਹਨ। ਵੰਡਰ ਹੈ ਨਾ। ਮਨੁੱਖ ਕਹਿੰਦੇ ਹਨ ਨਾਟਕ ਦੇ ਰਿਕਾਰਡ ਵਜਾਉਂਦੇ ਹਨ। ਸ਼ਾਸਤਰ ਤਾਂ ਇਹਨਾਂ ਕੋਲ ਕੋਈ ਹੈ ਨਹੀਂ। ਅਸੀਂ ਕਹਿੰਦੇ ਹਾਂ ਇਹਨਾਂ ਰਿਕਾਰਡ ਤੋਂ ਜੋ ਮਤਲਬ ਨਿਕਲਦਾ ਹੈ, ਉਸ ਤੋਂ ਸਭ ਵੇਦ ਗ੍ਰੰਥ ਦਾ ਸਾਰ ਨਿਕਲ ਆਉਂਦਾ ਹੈ। (ਗੀਤ ਵਜਿਆ) ਇਹ ਹੈ ਮੰਮਾ ਦੀ ਮਹਿਮਾ। ਮਾਤਾਵਾਂ ਤਾਂ ਢੇਰ ਹਨ। ਪਰ ਮੁਖ ਹੈ ਜਗਤ ਅੰਬਾ। ਇਹ ਹੀ ਜਗਤ ਅੰਬਾ ਸਵਰਗ ਦਾ ਦਵਾਰ ਖੋਲ੍ਹਦੀ ਹੈ। ਫਿਰ ਪਹਿਲਾ ਉਹ ਖੁਦ ਹੀ ਜਗਤ ਦੀ ਮਾਲਿਕ ਬਣਦੀ ਹੈ, ਤਾਂ ਜਰੂਰ ਮਾਂ ਦੇ ਨਾਲ ਤੁਸੀਂ ਬੱਚੇ ਵੀ ਹੋ। ਓਹਨਾ ਦਾ ਹੀ ਗਾਇਨ ਹੈ ਤੁਮ ਮਾਤ- ਪਿਤਾ... ਸ਼ਿਵਬਾਬਾ ਨੂੰ ਹੀ ਤੁਮ ਮਾਤ ਪਿਤਾ ਕਿਹਾ ਜਾਂਦਾ ਹੈ। ਭਾਰਤ ਵਿਚ ਜਗਦੰਬਾ ਵੀ ਹੈ, ਜਗਤਪਿਤਾ ਵੀ ਹੈ। ਪਰ ਬ੍ਰਹਮਾ ਦਾ ਇਤਨਾ ਨਾਮ ਜਾ ਮੰਦਿਰ ਆਦਿ ਨਹੀਂ ਹਨ। ਸਿਰਫ ਅਜਮੇਰ ਵਿਚ ਬ੍ਰਹਮਾ ਦਾ ਮੰਦਿਰ ਨਾਮੀਗ੍ਰਾਮੀ ਹੈ, ਓਥੇ ਬ੍ਰਾਹਮਣ ਵੀ ਰਹਿੰਦੇ ਹਨ। ਬ੍ਰਾਹਮਣ ਦੋ ਤਰ੍ਹਾਂ ਦੇ ਹੁੰਦੇ ਹਨ ਸਾਰ ਸਿੱਧ ਅਤੇ ਪੁਸ਼ਕਰਨੀ ਕਿਹਾ ਜਾਂਦਾ ਹੈ। ਪੁਸ਼ਕਰ ਵਿੱਚ ਰਹਿਣ ਵਾਲਿਆਂ ਨੂੰ ਪੁਸ਼ਕਰਨੀ ਕਿਹਾ ਜਾਂਦਾ ਹੈ। ਪਰ ਓਹਨਾ ਬ੍ਰਾਹਮਣਾ ਨੂੰ ਇਹ ਥੋੜੀ ਪਤਾ ਹੈ। ਕਹਿਣਗੇ ਅਸੀਂ ਬ੍ਰਹਮਾ ਮੁਖ ਵੰਸ਼ਾਵਲੀ ਹਾਂ। ਜਗਤ ਅੰਬਾ ਦਾ ਨਾਮ ਤਾਂ ਬੜਾ ਬਾਲਾ ਹੈ। ਬ੍ਰਹਮਾ ਨੂੰ ਇਤਨਾ ਨਹੀਂ ਜਾਣਦੇ। ਕਿਸੇ ਨੂੰ ਧਨ ਮਿਲਦਾ ਹੈ ਤੇ ਸਮਝਦੇ ਹਨ ਸਾਧੂ ਸੰਤਾਂ ਦੀ ਕ੍ਰਿਪਾ ਹੈ। ਈਸ਼ਵਰ ਦੀ ਕ੍ਰਿਪਾ ਨਹੀਂ ਸਮਝਦੇ। ਬਾਪ ਕਹਿੰਦੇ ਹਨ ਸਿਵਾਏ ਮੇਰੇ ਹੋਰ ਕੋਈ ਕ੍ਰਿਪਾ ਕਰ ਨਹੀਂ ਸਕਦਾ। ਅਸੀਂ ਤਾਂ ਸੰਨਿਆਸੀਆਂ ਦੀ ਮਹਿਮਾ ਵੀ ਕਰਦੇ ਹਾਂ। ਜੇਕਰ ਇਹ ਸੰਨਿਆਸੀ ਪਵਿੱਤਰ ਨਾ ਹੁੰਦੇ ਤਾਂ ਭਾਰਤ ਸੜ ਮਰਦਾ। ਪਰੰਤੂ ਸਦਗਤੀ ਦਾਤਾ ਤਾਂ ਇਕ ਬਾਪ ਹੈ। ਮਨੁੱਖ, ਮਨੁੱਖਾਂ ਦੀ ਸਦਗਤੀ ਕਰ ਨਹੀਂ ਸਕਦੇ।

ਬਾਬਾ ਸਮਝਾਉਂਦੇ ਹਨ ਤੁਸੀਂ ਸਭ ਸੀਤਾਵਾਂ ਹੋ, ਸ਼ੋਕ ਵਾਟਿਕਾ ਵਿਚ। ਦੁੱਖ ਵਿਚ ਸ਼ੋਕ ਤਾਂ ਹੁੰਦਾ ਹੈ ਨਾ। ਬਿਮਾਰੀ ਆਦਿ ਹੁੰਦੀ ਹੈ ਤੇ ਕੀ ਦੁੱਖ ਨਹੀਂ ਹੋਵੇਗਾ। ਬੀਮਾਰ ਹੋਵਾਂਗੇ ਤਾਂ ਜਰੂਰ ਖਿਆਲ ਆਵੇਗਾ ਕੀ ਕਦੋਂ ਠੀਕ ਹੋਵਾਂਗੇ? ਇਵੇਂ ਤਾਂ ਨਹੀਂ ਕਹਾਂਗੇ ਕਿ ਬੀਮਾਰ ਰਹੀਏ। ਪੁਰਸ਼ਾਰਥ ਕਰਦੇ ਹਾਂ ਤਾਂ ਜੋ ਚੰਗੇ ਹੋ ਜਾਈਏ। ਨਹੀਂ ਤਾਂ ਦਵਾਈ ਆਦਿ ਕਿਓਂ ਕਰਦੇ? ਹੁਣ ਬਾਪ ਕਹਿੰਦੇ ਹਨ ਮੈਂ ਤੁਹਾਨੂੰ ਬੱਚਿਆਂ ਨੂੰ ਇਹਨਾਂ ਦੁੱਖਾਂ ਬਿਮਾਰੀਆਂ ਤੋਂ ਛੁਡਾ ਕੇ ਇਜਾਫਾ ਦਿੰਦਾ ਹਾਂ। ਮਾਇਆ ਰਾਵਣ ਨੇ ਤੂਹਾਨੂੰ ਦੁੱਖ ਦਿੱਤਾ ਹੈ। ਮੈਂ ਤਾਂ ਹਾਂ ਸ੍ਰਿਸ਼ਟੀ ਦਾ ਰਚਿਯਤਾ। ਸਾਰੇ ਕਹਿੰਦੇ ਹਨ ਭਗਵਾਨ ਨੇ ਦੁੱਖ ਦੇਣ ਲਈ ਸ੍ਰਿਸ਼ਟੀ ਰਚੀ ਹੈ ਕੀ! ਸਵਰਗ ਵਿਚ ਇਸ ਤਰ੍ਹਾਂ ਥੋੜੀ ਨਾ ਕਹਾਂਗੇ। ਇਥੇ ਦੁੱਖ ਹੈ ਤਾਂ ਮਨੁੱਖ ਕਹਿੰਦੇ ਹਨ ਭਗਵਾਨ ਨੂੰ ਕੀ ਪਈ ਸੀ ਜੋ ਦੁਖੀ ਸ੍ਰਿਸ਼ਟੀ ਦੀ ਰਚਨਾ ਕੀਤੀ। ਹੋਰ ਕੋਈ ਕੰਮ ਹੀ ਨਹੀਂ ਸੀ? ਪਰ ਬਾਪ ਕਹਿੰਦੇ ਹਨ ਇਹ ਸੁਖ ਦੁੱਖ ਹਾਰ-ਜਿੱਤ ਦਾ ਖੇਲ ਬਣਿਆ ਹੋਇਆ ਹੈ। ਭਾਰਤ ਤੇ ਹੀ ਖੇਲ ਹੈ- ਰਾਮ ਅਤੇ ਰਾਵਣ ਦਾ। ਭਾਰਤ ਦੀ ਰਾਵਣ ਤੋਂ ਹਾਰੇ ਹਾਰ ਹੈ, ਫਿਰ ਰਾਵਣ ਤੇ ਜਿੱਤ ਪਾ ਕੇ ਰਾਮ ਦੇ ਬਣਦੇ ਹਾਂ। ਰਾਮ ਕਿਹਾ ਜਾਂਦਾ ਹੈ ਸ਼ਿਵਬਾਬਾ ਨੂੰ। ਰਾਮ ਦਾ ਵੀ ਤੇ ਸ਼ਿਵਬਾਬਾ ਦਾ ਵੀ ਨਾਮ ਲੈਣਾ ਪੈਂਦਾ ਹੈ ਸਮਝਾਉਣ ਦੇ ਲਈ। ਸ਼ਿਵਬਾਬਾ ਬੱਚਿਆਂ ਦਾ ਮਾਲਿਕ ਮਤਲਬ ਨਾਥ ਹੈ। ਉਹ ਤੁਹਾਨੂੰ ਸਵਰਗ ਦਾ ਮਾਲਿਕ ਬਣਾਉਂਦੇ ਹਨ। ਬਾਪ ਦਾ ਵਰਸਾ ਹੈ ਹੀ ਸਵਰਗ ਦੀ ਪ੍ਰਾਪਤੀ ਫਿਰ ਉਸ ਵਿਚ ਹੈ ਪਦਵੀ। ਸਵਰਗ ਵਿਚ ਤਾਂ

ਦੇਵਤਾ ਰਹਿੰਦੇ ਹਨ। ਅੱਛਾ ਸਵਰਗ ਬਣਾਉਣ ਵਾਲੇ ਦੀ ਮਹਿਮਾ ਸੁਣੋ।

(ਗੀਤ) ਭਾਰਤ ਦੀ ਸੋਭਾਗਿਆ ਵਿਧਾਤਾ ਇਹ ਜਗਦੰਬਾ ਹੀ ਹੈ। ਓਹਨਾ ਨੂੰ ਕੋਈ ਜਾਣਦਾ ਨਹੀਂ ਹੈ। ਅੰਬਾ ਜੀ ਤੇ ਤਾਂ ਬਹੁਤ ਮਨੁੱਖ ਜਾਂਦੇ ਹੋਣਗੇ। ਇਹ ਬਾਬਾ ਵੀ ਬੜੀ ਵਾਰ ਗਿਆ ਹੈ। ਬਬੂਲ ਨਾਥ ਦੇ ਮੰਦਿਰ ਵਿਚ ਲਕਸ਼ਮੀ-ਨਰਾਇਣ ਦੇ ਮੰਦਿਰ ਕਈ ਵਾਰ ਗਏ ਹੋਣਗੇ। ਪਰ ਕੁਝ ਵੀ ਪਤਾ ਨਹੀਂ ਸੀ। ਕਿੰਨੇ ਬੇਸਮਝ ਸਨ। ਹੁਣ ਮੈਂ ਇਹਨਾਂ ਨੂੰ ਕਿੰਨਾ ਸਮਝਦਾਰ ਬਣਾਇਆ ਹੈ। ਜਗਦੰਬਾ ਦਾ ਟਾਈਟਲ ਕਿੰਨਾ ਵੱਡਾ ਹੈ। ਭਾਰਤ ਦੀ ਸੋਭਾਗਿਆ ਵਿਧਾਤਾ। ਹੁਣ ਤੁਹਾਨੂੰ ਅੰਬਾ ਜੀ ਦੇ ਮੰਦਿਰ ਜਾ ਕੇ ਸਰਵਿਸ ਕਰਨੀ ਚਾਹੀਦੀ ਹੈ। ਜਗਤ ਅੰਬਾ ਦੇ 84 ਜਨਮ ਦੀ ਕਹਾਣੀ ਦੱਸਣੀ ਚਾਹੀਦੀ ਹੈ। ਮੰਦਿਰ ਤਾਂ ਵੈਸੇ ਬਹੁਤ ਹਨ। ਮੰਮਾ ਦੇ ਇਸ ਚਿੱਤਰ ਨੂੰ ਤਾਂ ਮੰਨਣਗੇ ਨਹੀਂ। ਅੱਛਾ ਉਸ ਅੰਬਾ ਦੀ ਮੂਰਤੀ ਤੇ ਹੀ ਸਮਝਾਓ ਅਤੇ ਨਾਲ ਇਹ ਗੀਤ ਲੈ ਜਾਓ। ਇਹ ਗੀਤ ਹੀ ਤੁਹਾਡੀ ਸੱਚੀ ਗੀਤਾ ਹਨ। ਸਰਵਿਸ ਤਾਂ ਬਹੁਤ ਹੈ, ਪਰ ਸਰਵਿਸ ਕਰਨ ਵਾਲੇ ਬੱਚਿਆਂ ਵਿਚ ਵੀ ਸੱਚਾਈ ਚਾਹੀਦੀ ਹੈ ਨਾ। ਤੁਸੀਂ ਇਹ ਗੀਤ ਜਗਦੰਬਾ ਦੇ ਮੰਦਿਰ ਵਿਚ ਲੈ ਜਾ ਕੇ ਸਮਝਾਓ। ਜਗਦੰਬਾ ਵੀ ਕੰਨਿਆ ਹੈ, ਬ੍ਰਾਹਮਣੀ ਹੈ। ਜਗਦੰਬਾ ਨੂੰ ਇਨੀਆਂ ਬਾਹਵਾਂ ਕਿਓਂ ਦਿਤੀਆਂ ਹਨ? ਕਿਉਂਕਿ ਓਹਨਾ ਦੇ ਮਦਦਗਾਰ ਬੱਚੇ ਬਹੁਤ ਹਨ। ਸ਼ਕਤੀ ਸੈਨਾ ਹੈ ਨਾ। ਫਿਰ ਚਿਤਰਾਂ ਵਿਚ ਕਈ ਬਾਹਵਾਂ ਦਿਖਾ ਦਿੱਤੀਆਂ ਹਨ। ਸ਼ਕਤੀ ਕਿਵੇਂ ਵਿਖਾਉਂਦੇ? ਬਾਹਵਾਂ ਨਿਸ਼ਾਨੀ ਸੋਖੀ ਹੈ ਅਤੇ ਚੰਗੀ ਲਗਦੀ ਹੈ। ਲੱਤਾਂ ਦੇਣ ਤਾਂ ਪਤਾ ਨਹੀਂ ਕਿਵੇਂ ਦੀ ਸ਼ਕਲ ਹੋ ਜਾਵੇ। ਬ੍ਰਹਮਾ ਨੂੰ ਵੀ ਬਾਹਵਾਂ ਵਿਖਾਉਂਦੇ ਹਨ। ਤੁਸੀਂ ਸਾਰੇ ਉਸਦੇ ਬੱਚੇ ਹੋ, ਪਰ ਇਨੀਆਂ ਬਾਹਵਾਂ ਤੇ ਦੇ ਨਹੀਂ ਸਕਦੇ। ਇਸਲਈ ਤੁਹਾਨੂੰ ਮਾਤਾਵਾਂ ਨੂੰ ਕੰਨਿਆਵਾਂ ਨੂੰ ਸਰਵਿਸ ਤੇ ਲਗ ਜਾਣਾ ਚਾਹੀਦਾ ਹੈ। ਆਪਣਾ ਸੋਭਾਗਿਆ ਬਣਾ ਲੋ। ਅੰਬਾ ਦੇ ਮੰਦਿਰ ਵਿਚ ਤੁਸੀਂ ਇਸ ਗੀਤ ਨੂੰ ਲੈ ਜਾ ਕੇ ਮਹਿਮਾ ਕਰੋ ਤਾਂ ਢੇਰ ਆ ਜਾਣਗੇ। ਤੁਸੀਂ ਇਨ੍ਹਾਂ ਨਾਮ ਕੱਢੋਗੇ ਜੋ ਪੁਰਾਣੀਆਂ ਬ੍ਰਹਮਾਕੁਮਾਰੀਆ ਵੀ ਨਹੀਂ ਕੱਢਦੀਆਂ। ਇਹ ਛੋਟੀਆਂ-2 ਕੰਨਿਆਵਾਂ ਕਮਾਲ ਕਰ ਸਕਦੀਆਂ ਹਨ। ਬਾਬਾ ਸਿਰਫ ਇਕ ਨੂੰ ਨਹੀਂ ਸਾਰੀਆਂ ਕੰਨਿਆਵਾਂ ਨੂੰ ਕਹਿੰਦੇ ਹਨ। ਹਜਾਰਾਂ ਆ ਕੇ ਤੁਹਾਡੇ ਚਰਨਾਂ ਵਿਚ ਡਿੱਗਣਗੇ। ਓਹਨਾ ਅੱਗੇ ਇੰਨੇ ਨਹੀਂ ਡਿੱਗਣਗੇ, ਜਿੰਨੇ ਤੁਹਾਡੇ ਅੱਗੇ ਡਿੱਗਣਗੇ। ਹਾਂ ਇਸ ਵਿਚ ਲੋਕ ਲਾਜ ਨੂੰ ਛੱਡਣਾ ਹੈ। ਬਿਲਕੁਲ ਹੀ ਨਸ਼ਟੋਮੋਹਾ ਹੋਣਾ ਹੈ। ਕਹਿਣਗੀਆਂ ਅਸੀਂ ਤਾਂ ਸਗਾਈ ਕਰਨੀ ਨਹੀਂ ਹੈ, ਅਸੀਂ ਤਾਂ ਪਵਿੱਤਰ ਰਹਿ ਕੇ ਭਾਰਤ ਨੂੰ ਸਵਰਗ ਬਨਾਉਣ ਦੀ ਸੇਵਾ ਕਰਨੀ ਹੈ। ਅਧਰ ਕੁਮਾਰੀ ਨੂੰ ਤਾਂ ਫਿਰ ਵੀ ਦਾਗ ਲਗ ਜਾਂਦਾ ਹੈ। ਕੁਮਾਰੀ ਨੇ ਸਗਾਈ ਕੀਤੀ ਤਾਂ ਦਾਗ ਲਗਨੇ ਸ਼ੁਰੂ ਹੋ ਜਾਂਦੇ ਹਨ। ਰੰਗ ਬਿਰੰਗੀ ਮਾਇਆ ਲੱਗ ਜਾਂਦੀ ਹੈ। ਇਸ ਜਨਮ ਵਿਚ ਮਨੁੱਖ ਕੀ ਤੋਂ ਕੀ ਹੋ ਸਕਦਾ ਹੈ। ਮੰਮਾ ਵੀ ਇਸ ਜਨਮ ਵਿਚ ਹੋਈ ਹੈ, ਓਹਨਾ ਨੂੰ ਮਰਤਬਾ ਮਿਲਿਆ ਹੈ ਕੁਝ ਸਮੇਂ ਦੇ ਲਈ। ਤੁਸੀਂ ਵੀ ਨਰ ਤੋਂ ਨਰਾਇਣ, ਨਾਰੀ ਤੋਂ ਲਕਸ਼ਮੀ ਬਣ ਰਹੇ ਹੋ। ਸੰਪੂਰਨ ਪਾਸ ਹੋ ਜਾਵਾਂਗੇ ਤਾਂ ਫਿਰ ਦੈਵੀ ਜਨਮ ਮਿਲੇਗਾ। ਓਹਨਾ ਨੂੰ ਤਾਂ ਹੈ ਅਲਪ ਕਾਲ ਦਾ ਸੁਖ, ਉਸ ਵਿਚ ਵੀ ਕਿੰਨੀ ਫਿਕਰ ਰਹਿੰਦੀ ਹੈ। ਅਸੀਂ ਤਾਂ ਹਾਂ ਗੁਪਤ। ਅਸੀਂ ਬਾਹਰੋਂ ਕੁਝ ਵੀ ਸ਼ੋ ਨਹੀਂ ਕਰਨਾ। ਉਹ ਤਾਂ ਸ਼ੋ ਕਰਦੇ ਹਨ। ਇਹ ਰਾਜ ਤਾਂ ਰੁਨਯ ਦੇ ਪਾਣੀ ਮਿਸਲ(ਮ੍ਰਿਗ ਤ੍ਰਿਸ਼ਨਾ ਵਾਂਗੂ) ਹੈ ਸ਼ਾਸਤਰਾਂ ਵਿਚ ਵੀ ਹੈ ਦਰੋਪਦੀ ਨੇ ਕਿਹਾ - ਅੰਨ੍ਹੇ ਦੀ ਔਲਾਦ ਅੰਨ੍ਹੀ। ਇਹ ਜਿਸਨੂੰ ਰਾਜ ਸਮਝਦੇ ਹੋ, ਇਹ ਹੁਣ ਖ਼ਤਮ ਹੋਇਆ ਕਿ ਹੋਇਆ। ਖੂਨ ਦੀਆ ਨਦੀਆਂ ਬਹਿਣਗੀਆਂ। ਪਾਕਿਸਤਾਨ ਦਾ ਬਟਵਾਰਾ ਹੋਇਆ ਤਾਂ ਘਰ ਘਰ ਕਿੰਨੀ ਮਾਰਪੀਟ ਕਰਦੇ ਸਨ। ਹਾਲੇ ਤਾਂ ਚਲਦੇ ਫਿਰਦੇ ਰਸਤਿਆਂ ਵਿਚ ਮਾਰਪੀਟ ਹੋਵੇਗੀ। ਕਿੰਨਾ ਖੂਨ ਬਹਿੰਦਾ ਹੈ, ਕੀ ਇਸਨੂੰ ਸਵਰਗ ਕਹਾਂਗੇ? ਕਿ ਇਹ ਨਵੀ ਦਿੱਲੀ ਨਵਾਂ ਭਾਰਤ ਹੈ? ਨਵਾਂ ਭਾਰਤ ਤਾਂ ਪਰਿਸਤਾਨ ਸੀ। ਹੁਣ ਤਾਂ ਵਿਕਾਰਾਂ ਦੀ ਦਖਲ ਕਾਰਣ ਬੜੇ ਦੁਸ਼ਮਨ ਹਨ। ਰਾਮ-ਰਾਵਣ ਦਾ ਜਨਮ ਭਾਰਤ ਵਿਚ ਹੀ ਵਿਖਾਉਂਦੇ ਹਨ। ਸ਼ਿਵ ਜਯੰਤੀ ਵਲਾਇਤ ਵਿਚ ਨਹੀਂ ਮਨਾਉਂਦੇ ਹਨ, ਇਥੇ ਹੀ ਮਨਾਉਂਦੇ ਹਨ, ਤੁਸੀਂ ਜਾਣਦੇ ਹੋ ਰਾਵਣ ਕਦੋ ਆਉਂਦਾ ਹੈ? ਜਦੋ ਦਿਨ ਪੂਰਾ ਹੋ ਕੇ ਰਾਤ ਹੁੰਦੀ ਤਾਂ ਰਾਵਣ ਆ ਜਾਂਦਾ ਹੈ। ਜਿਸਨੂੰ ਵਾਮ ਮਾਰਗ ਕਿਹਾ ਜਾਂਦਾ ਹੈ, ਵਿਖਾਂਦੇ ਹਨ ਵਾਮ ਮਾਰਗ ਵਿਚ ਜਾ ਕੇ ਦੇਵਤਿਆਂ ਦੀ ਕੀ ਹਾਲਤ ਹੋ ਜਾਂਦੀ ਹੈ।

ਬੱਚਿਆਂ ਨੂੰ ਸਰਵਿਸ ਕਰਨੀ ਚਾਹੀਦੀ ਹੈ। ਜੋ ਖੁਦ ਜਾਗੇ ਹੋਣਗੇ ਉਹ ਹੀ ਦੂਜਿਆਂ ਨੂੰ ਜਗਾ ਸਕਦੇ ਹਨ। ਬਾਬਾ ਤੇ ਸ਼ੁਭ ਚਿੰਤਕ ਹਨ। ਕਹਿਣਗੇ ਕਿਤੇ ਇਨ੍ਹਾਂ ਨੂੰ ਮਾਇਆ ਦਾ ਥੱਪੜ ਨਾ ਲੱਗੇ। ਬੀਮਾਰ ਹੋਣਗੇ ਤਾਂ ਸਰਵਿਸ ਨਹੀਂ ਕਰ ਸਕਦੇ। ਜਗਦੰਬਾ ਨੂੰ ਹੀ ਕਲਸ਼ ਮਿਲਦਾ ਹੈ, ਲਕਸ਼ਮੀ ਨੂੰ ਨਹੀਂ। ਲਕਸ਼ਮੀ ਨੂੰ ਧਨ ਦਿੱਤਾ, ਜਿਸ ਨਾਲ ਦਾਨ ਕਰ ਸਕਦੀ ਹੈ। ਪਰ ਓਥੇ ਤਾਂ ਦਾਨ ਆਦਿ ਹੁੰਦਾ ਨਹੀਂ ਹੈ। ਦਾਨ ਸਦਾ ਗਰੀਬਾਂ ਨੂੰ ਦਿੱਤਾਂ ਜਾਂਦਾ ਹੈ। ਤਾਂ ਕੰਨਿਆਵਾਂ ਇਸ ਤਰ੍ਹਾਂ ਜਾ ਕੇ ਮੰਦਿਰਾਂ ਵਿਚ ਸਰਵਿਸ ਕਰਨ ਤਾਂ ਬਹੁਤ ਆਉਣਗੇ। ਸ਼ਾਬਾਸ਼ੀ ਦੇਣਗੇ, ਪੈਰ ਪੈਣਗੇ। ਮਾਤਾਵਾਂ ਦਾ ਮਾਨ ਬਹੁਤ ਹੈ। ਮਾਤਾਵਾਂ ਸੁਣਨ ਨਾਲ ਖੁਸ਼ ਵੀ ਹੋਣਗੀਆਂ। ਮਰਦਾ ਨੂੰ ਆਪਣਾ ਨਸ਼ਾ ਰਹਿੰਦਾ ਹੈ ਨਾ।

ਬਾਬਾ ਨੇ ਸਮਝਾਇਆ ਹੈ। ਇਹ ਸਾਕਾਰ ਹਨ ਬਾਹਰਯਾਮੀ। ਇਹਨਾਂ ਦੇ ਅੰਦਰ ਜਿਹੜਾ ਲਾਰਡ(ਮਾਲਿਕ) ਰਹਿੰਦਾ ਹੈ ਉਹ ਹੈ ਲਾਰਡ ਓਫ ਲਾਰਡ। ਕ੍ਰਿਸ਼ਨ ਨੂੰ ਲਾਰਡ ਕ੍ਰਿਸ਼ਨਾ ਕਹਿੰਦੇ ਹਨ ਨਾ। ਅਸੀਂ ਤਾਂ ਕਹਿੰਦੇ ਹਾਂ ਕ੍ਰਿਸ਼ਨ ਦਾ ਵੀ ਲਾਰਡ ਆਫ ਲਾਰਡ ਉਹ ਪਰਮਾਤਮਾ ਹੈ। ਉਨ੍ਹਾਂ ਨੂੰ ਇਹ ਮਕਾਨ ਦਿੱਤਾ ਹੈ। ਇਸਲਈ ਇਹ ਲੈਂਡ ਲੇਡੀ ਅਤੇ ਲੈਂਡ ਲਾਰਡ ਵੀ ਹੋ ਗਿਆ। ਇਹ ਮੇਲ ਵੀ ਹੈ ਤੇ ਫੀਮੇਲ ਵੀ ਹੈ। ਵੰਡਰ ਹੈ ਨਾ।

ਭੋਗ ਲਗ ਰਿਹਾ ਹੈ, ਅੱਛਾ ਬਾਬਾ ਨੂੰ ਸਾਰਿਆਂ ਦਾ ਯਾਦ ਪਿਆਰ ਦੇਣਾ। ਖੁਸ਼ੀ ਨਾਲ ਸਲਾਮ ਭੇਜਦੇ ਹਨ ਵੱਡੇ ਉਸਤਾਦ ਨੂੰ। ਇਹ ਇਕ ਰਸਮ ਰਿਵਾਜ ਹੈ। ਜਿਵੇ ਸ਼ੁਰੂ ਵਿਚ ਸਾਕਸ਼ਾਤ ਕਾਰ ਹੁੰਦੇ ਸਨ, ਇਵੇਂ ਅੰਤ ਵਿਚ ਵੀ ਬਾਬਾ ਬਹੁਤ ਬਹਲਾਉਣਗੇ। ਆਬੂ ਵਿਚ ਬਹੁਤ

ਬੱਚੇ ਆਉਣਗੇ। ਜਿਹੜੇ ਹੋਣਗੇ, ਉਹ ਵੇਖਾਂਗੇ। ਅੱਛਾ!

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤ ਦੀ ਕਲਾਸ **8-4-68**

ਇਹ ਇਸ਼ਵਰੀਏ ਮਿਸ਼ਨ ਚਲ ਰਹੀ ਹੈ, ਜਿਹੜੇ ਆਪਣੇ ਦੇਵੀ ਦੇਵਤਿਆਂ ਧਰਮ ਦੇ ਹੋਣਗੇ, ਉਹ ਆ ਜਾਣਗੇ। ਜਿਵੇਂ ਓਹਨਾ ਦਾ ਮਿਸ਼ਨ ਹੈ ਕ੍ਰਿਸ਼ਚਨ ਬਣਾਉਣ ਦਾ। ਜੋ ਕ੍ਰਿਸ਼ਚਨ ਬਣਦੇ ਹਨ, ਓਹਨਾ ਨੂੰ ਕ੍ਰਿਸ਼ਚਨ ਡਾਇਨੈਸਟੀ ਵਿੱਚੋ ਸੁਖ ਮਿਲਦਾ ਹੈ, ਵੇਤਨ ਚੰਗਾ ਮਿਲਦਾ ਹੈ। ਇਸਲਈ ਕ੍ਰਿਸ਼ਚਨ ਬਹੁਤ ਹੋ ਗਏ ਹਨ। ਭਾਰਤਵਾਸੀ ਇਨੀ ਤਨਖਾਹ ਦੇ ਨਹੀਂ ਸਕਦੇ। ਇਥੇ ਕਰੱਪਸ਼ਨ ਬਹੁਤ ਹੈ, ਕਈਆ ਨੂੰ ਤਾਂ ਰਿਸ਼ਵਤ ਨਾ ਲੈਣ ਕਾਰਨ ਨੌਕਰੀ ਤੋਂ ਵੀ ਜਵਾਬ ਮਿਲ ਜਾਂਦਾ ਹੈ। ਬੱਚੇ ਬਾਪ ਨੂੰ ਪੁੱਛਦੇ ਹਨ ਇਸ ਹਾਲਤ ਵਿਚ ਕੀ ਕਰੀਏ? ਕਹਿਣਗੇ ਯੁਕਤੀ ਨਾਲ ਕੰਮ ਕਰੋ, ਫਿਰ ਚੰਗੇ ਕੰਮ ਵਿਚ ਲਗਾ ਦੇਣਾ।

ਇਥੇ ਸਾਰੇ ਬਾਪ ਨੂੰ ਪੁਕਾਰਦੇ ਹਨ ਕਿ ਆ ਕੇ ਸਾਨੂੰ ਪਤਿਤਾਂ ਨੂੰ ਪਾਵਨ ਬਣਾਓ, ਲਿਬਰੇਟ ਕਰੋ, ਘਰ ਲੈ ਜਾਓ। ਬਾਪ ਜਰੂਰ ਘਰ ਲੈ ਜਾਣਗੇ। ਘਰ ਜਾਨ ਦੇ ਲਈ ਇਨੀ ਭਗਤੀ ਕਰਦੇ ਹਨ। ਪਰੰਤੂ ਜਦੋ ਬਾਪ ਆਵੇ ਓਦੋ ਹੀ ਲੈ ਕੇ ਜਾਵੇ। ਭਗਵਾਨ ਹੈ ਹੀ ਇਕ। ਇਸ ਤਰ੍ਹਾਂ ਨਹੀਂ ਕਿ ਸਾਰਿਆਂ ਵਿਚ ਭਗਵਾਨ ਆ ਕੇ ਬੋਲਦੇ ਹਨ। ਓਹਨਾ ਦਾ ਆਉਣਾ ਤਾਂ ਸੰਗਮ ਤੇ ਹੁੰਦਾ ਹੈ। ਹਾਲੇ ਤੁਸੀਂ ਇਨ੍ਹਾਂ ਗੱਲਾਂ ਨੂੰ ਨਹੀਂ ਮੰਨਦੇ। ਪਹਿਲਾਂ ਮੰਨਦੇ ਸੀ। ਹਾਲੇ ਤੁਸੀਂ ਭਗਤੀ ਨਹੀਂ ਕਰਦੇ ਹੋ। ਤੁਸੀਂ ਕਹਿੰਦੇ ਹੋ ਅਸੀਂ ਪਹਿਲਾਂ ਪੂਜਾ ਕਰਦੇ ਸੀ। ਹੁਣ ਬਾਪ ਆਇਆ ਹੈ ਸਾਨੂੰ ਪੂਜਯ ਬਣਾਉਣ ਦੇ ਲਈ। ਸਿੱਖਾਂ ਨੂੰ ਵੀ ਤੁਸੀਂ ਸਮਝਾਓ। ਗਾਇਨ ਹੈ ਨਾ ਮਨੁੱਖ ਤੋਂ ਦੇਵਤਾ ਕੀਤੇ ਕਰਤ ਨਾ ਲਾਗੀ ਵਾਰ। ਦੇਵਤਾਵਾਂ ਦੀ ਮਹਿਮਾ ਹੈ ਨਾ। ਦੇਵਤਾ ਰਹਿੰਦੇ ਹੀ ਸਤਿਯੁਗ ਵਿਚ ਹਨ। ਹਾਲੇ ਹੈ ਕਲਯੁਗ। ਬਾਪ ਵੀ ਸੰਗਮਯੁਗ ਤੇ ਪੁਰਸ਼ੋਤਮ ਬਣਨ ਦੀ ਸਿੱਖਿਆ ਦਿੰਦੇ ਹਨ। ਦੇਵਤੇ ਹਨ ਸਭ ਤੋਂ ਉੱਤਮ, ਤਾਂ ਹੀ ਤੇ ਇਤਨਾ ਪੂਜਦੇ ਹਨ। ਜਿਸ ਦੀ ਪੂਜਾ ਕਰਦੇ ਹਨ, ਉਹ ਜਰੂਰ ਕਦੇ ਸਨ। ਹੁਣ ਨਹੀਂ ਹਨ। ਸਮਝਦੇ ਹਨ ਇਹ ਰਾਜਧਾਨੀ ਪਾਸਟ ਹੋ ਗਈ ਹੈ। ਹੁਣ ਤੁਸੀਂ ਗੁਪਤ ਹੋ। ਕੋਈ ਜਾਣਦੇ ਥੋੜੀ ਹਨ ਕਿ ਅਸੀਂ ਵਿਸ਼ਵ ਦੇ ਮਾਲਿਕ ਬਣਨ ਵਾਲੇ ਹਾਂ। ਤੁਸੀਂ ਜਾਣਦੇ ਹੋ ਅਸੀਂ ਪੜ੍ਹ ਕੇ ਇਹ ਬਣਦੇ ਹਾਂ। ਤਾਂ ਪੜ੍ਹਾਈ ਤੇ ਪੂਰਾ ਅਟੈਂਸ਼ਨ ਦੇਣਾ ਹੈ। ਬਾਪ ਨੂੰ ਬਹੁਤ ਯਾਦ ਕਰਨਾ ਹੈ। ਬਾਬਾ ਸਾਨੂੰ ਵਿਸ਼ਵ ਦਾ ਮਾਲਿਕ ਬਣਾਉਦੇ ਹਨ ਤਾਂ ਕਿਉਂ ਨਹੀਂ ਯਾਦ ਕਰਾਂਗੇ। ਫਿਰ ਵੀ ਦੇਵੀ ਗੁਣ ਵੀ ਚਾਹੀਦੇ ਹਨ। ਅੱਛਾ।

ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਨਾਈਟ ਅਤੇ ਨਮਸਤੇ।

ਧਾਰਨਾ ਦੇ ਲਈ ਮੁੱਖ ਸਾਰ**:-**

1 ਇਸ ਦੁਨੀਆ ਵਿਚ ਆਪਣਾ ਬਾਹਰੀ ਸ਼ੋ ਨਹੀਂ ਕਰਨਾ ਹੈ। ਸੰਪੂਰਨ ਪਾਸ ਹੋਣ ਲਈ ਗੁਪਤ ਪੁਰਸ਼ਾਰਥ ਕਰਦੇ ਰਹਿਣਾ ਹੈ।

**2** ਇਸ ਰੰਗ ਬਿਰੰਗੀ ਦੁਨੀਆ ਵਿਚ ਫਸਣਾ ਨਹੀਂ ਹੈ। ਨਸ਼ਟੋ ਮੋਹਾ ਬਣ ਬਾਪ ਦਾ ਨਾਮ ਬਾਲਾ ਕਰਨ ਦੀ ਸੇਵਾ ਕਰਨੀ ਹੈ। ਸਭ ਦਾ ਸੋਭਾਗਿਆ ਜਗਾਨਾ ਹੈ।

ਵਰਦਾਨ**:-** ਦਿਲਾਰਾਮ ਬਾਪ ਦੀ ਯਾਦ ਦਵਾਰਾ ਤਿੰਨਾਂ ਕਾਲਾਂ ਨੂੰ ਚੰਗਾ ਬਨਾਉਣ ਵਾਲੇ ਇੱਛਾ ਮੁਕਤ ਭਵ।

ਜਿਨ੍ਹਾਂ ਬੱਚਿਆਂ ਦੇ ਦਿਲ ਵਿਚ ਇੱਕ ਦਿਲਾਰਾਮ ਬਾਪ ਦੀ ਯਾਦ ਹੈ ਉਹ ਸਦਾ ਵਾਹ - ਵਾਹ ਦੇ ਗੀਤ ਗਾਉਂਦੇ ਰਹਿੰਦੇ ਹਨ, ਉਨ੍ਹਾਂ ਦੇ ਮਨ ਵਿਚ ਸੁਪਨੇ ਵਿਚ ਵੀ "ਹਾਏ" ਸ਼ਬਦ ਨਹੀਂ ਨਿਕਲ ਸਕਦਾ ਕਿਉਂਕਿ ਜੋ ਹੋਇਆ ਉਹ ਵੀ ਵਾਹ, ਜੋ ਹੋ ਰਿਹਾ ਹੈ ਉਹ ਵੀ ਵਾਹ ਅਤੇ ਜੋ ਹੋਣਾ ਹੈ ਉਹ ਵੀ ਵਾਹ। ਤਿੰਨੋਂ ਹੀ ਕਾਲ ਵਾਹ - ਵਾਹ ਹੈ ਮਤਲਬ ਚੰਗੇ ਤੇ ਚੰਗਾ ਹੈ। ਜਿੱਥੇ ਸਭ ਚੰਗਾ ਹੈ ਉਥੇ ਕੋਈ ਇੱਛਾ ਪੈਦਾ ਨਹੀਂ ਹੋ ਸਕਦੀ ਕਿਉਂਕਿ ਅੱਛਾ ਤਾਂ ਕਹਾਂਗੇ ਜਦੋਂ ਸਭ ਪ੍ਰਾਪਤੀਆਂ ਹਨ। ਪ੍ਰਾਪਤੀ ਸੰਪੰਨ ਬਣਨਾ ਹੀ ਇੱਛਾ ਮੁਕਤ ਬਣਨਾ ਹੈ।

ਸਲੋਗਨ**:-** ਸੰਸਕਾਰਾਂ ਨੂੰ ਅਜਿਹਾ ਸ਼ੀਤਲ ਬਣਾ ਲਵੋ ਜੋ ਜਿਸ ਜੋਸ਼ ਜਾਂ ਰੋਬ ਦੇ ਸੰਸਕਾਰ ਇੱਮਰਜ ਹੀ ਨਾ ਹੋਣ।

******